

## ਓ ਪੀ ਸੀ ਸੀ ਮੇਰੀ ਕਿਵੇਂ ਮਦਦ ਕਰ ਸਕਦਾ ਹੈ?

ਅਸੀਂ ਤੁਹਾਨੂੰ ਜਾਣਕਾਰੀ, ਮਦਦ ਅਤੇ ਸਲਾਹ ਦੇ ਸਕਦੇ ਹਾਂ।

ਅਸੀਂ:

- ਇਹ ਪੱਕਾ ਕਰਦੇ ਹਾਂ ਕਿ ਤੁਹਾਡੇ ਕੋਲ ਉਹ ਸਾਰੀ ਜਾਣਕਾਰੀ ਹੈ ਜਿਸ ਦੀ ਤੁਹਾਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਲੋੜ ਹੈ।
- ਸ਼ਿਕਾਇਤ ਦੀ ਕਾਰਵਾਈ ਵਿਚ ਤੁਹਾਨੂੰ ਸੇਧ ਦਿੰਦੇ ਹਾਂ।
- ਤੁਹਾਡੇ ਹੱਕਾਂ ਬਾਰੇ ਦੱਸਦੇ ਹਾਂ।
- ਇਹ ਪੱਕਾ ਕਰਦੇ ਹਾਂ ਕਿ ਤੁਹਾਡੀ ਸ਼ਿਕਾਇਤ ਨਾਲ ਵਾਜਬ, ਨਿਰਪੱਖ ਅਤੇ ਆਦਰ ਵਾਲਾ ਵਰਤਾਉ ਕੀਤਾ ਗਿਆ ਹੈ।

## ਕੀ ਮਦਦ ਦੀਆਂ ਸੇਵਾਵਾਂ ਉਪਲਬਧ ਹਨ?

ਕਮਿਊਨਟੀ ਵਿਚਲੀਆਂ ਕਈ ਸੰਸਥਾਵਾਂ ਸ਼ਿਕਾਇਤ ਦੀ ਕਾਰਵਾਈ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ। ਆਪਣੀਆਂ ਲੋੜਾਂ ਲਈ ਸਹੀ ਸੰਸਥਾ ਨਾਲ ਜੁੜਨ ਲਈ ਕਿਰਪਾ ਕਰਕੇ ਸਾਨੂੰ **1-877-999-8707** (ਮੁਫਤ) 'ਤੇ ਫੋਨ ਕਰੋ। ਸਾਡੇ ਆਊਟਰੀਚ ਐਂਡ ਐਕਸੈਸੇਬਿਲਟੀ ਕੋਆਰਡੀਨੇਟਰ ਨਾਲ ਗੱਲ ਕਰਨ ਲਈ ਕਹੋ।

ਅਨੁਵਾਦ ਅਤੇ ਦੋਭਾਸ਼ੀਏ ਦੀਆਂ ਸੇਵਾਵਾਂ ਉਪਲਬਧ ਹਨ।

ਮਦਦ ਕਰਨ ਵਾਲੀਆਂ ਏਜੰਸੀਆਂ ਦੀ ਪੂਰੀ ਲਿਸਟ
**www.opcc.bc.ca**
ਉੱਪਰ ਹੈ।

## ਕਿਹੜੇ ਪੁਲੀਸ ਡਿਪਾਰਟਮੈਂਟ ਕਵਰ ਹਨ?

ਅਸੀਂ ਇਨ੍ਹਾਂ ਪੁਲੀਸ ਡਿਪਾਰਟਮੈਂਟਾਂ ਅਤੇ ਏਜੰਸੀਆਂ ਲਈ ਸ਼ਿਕਾਇਤਾਂ ਦੀ ਨਿਗਰਾਨੀ ਕਰਦੇ ਹਾਂ:

| | |
|---|---|
| ਐਬਟਸਫੋਰਡ | ਬੀ ਸੀ ਕੰਬਨਾਈਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ – ਔਰਗੇਨਾਈਜ਼ਡ ਕਰਾਇਮ ਏਜੰਸੀ |
| ਸੈਂਟਰਲ ਸੈਨਿਚ | ਮੈਟਰੋ ਵੈਨਕੂਵਰ ਟ੍ਰਾਂਜ਼ਿਟ ਪੁਲੀਸ |
| ਡੈਲਟਾ | Stl'atl'imx ਟਰਾਈਬਲ ਪੁਲੀਸ |
| ਨੈਲਸਨ | ਵੈਨਕੂਵਰ |
| ਨਿਊ ਵੈੱਸਟਮਿਨਸਟਰ | ਪੋਰਟ ਮੂਡੀ |
| ਓਕ ਬੇਅ | ਸੈਨਿਚ |
| ਸਰੀ | ਵਿਕਟੋਰੀਆ |
| ਵੈੱਸਟ ਵੈਨਕੂਵਰ | |

ਅਸੀਂ ਆਰ ਸੀ ਐੱਮ ਪੀ ਵਿਰੁੱਧ ਸ਼ਿਕਾਇਤਾਂ ਨੂੰ ਹੱਥ ਨਹੀਂ ਪਾਉਂਦੇ। ਆਰ ਸੀ ਐੱਮ ਪੀ ਬਾਰੇ ਸ਼ਿਕਾਇਤ ਕਰਨ ਲਈ www.crcc-ccetp.gc.ca 'ਤੇ ਜਾਉ।

**ਸੰਪਰਕ**
ਟੈਲੀਫੋਨ: (250) 356-7458
ਫੈਕਸ: (250) 356-6503
ਟੋਲ-ਫ੍ਰੀ ਕਾਲ: 1-877-999-8707
ਈਮੇਲ: info@opcc.bc.ca

**ਸਥਾਨ**
2nd floor, 947 Fort Street
Victoria, British Columbia

**ਚਿੱਠੀ ਪੱਤਰ ਲਈ ਐਡਰੈਸ**
PO Box 9895, Stn Prov Govt
Victoria, BC V8W 9T8

ਜ਼ਿਆਦਾ ਜਾਣਕਾਰੀ ਲਈ ਸਾਡੇ ਵੈੱਬਸਾਈਟ 'ਤੇ ਜਾਉ

**www.opcc.bc.ca**

[Punjabi]



# ਕੀ ਬ੍ਰਿਟਿਸ਼ ਕੋਲੰਬੀਆ ਵਿਚ ਪੁਲੀਸ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੈ?

ਨੇਕ ਨੀਤੀ
ਆਜ਼ਾਦੀ
ਨਿਰਪੱਖਤਾ

OPCC
OFFICE OF THE
POLICE COMPLAINT
COMMISSIONER



## ਮੈਂ ਸ਼ਿਕਾਇਤ ਕਿਵੇਂ ਦਰਜ ਕਰਵਾਉਣੀ ਹੈ?

ਤੁਸੀਂ ਇਸ ਤਰ੍ਹਾਂ ਸ਼ਿਕਾਇਤ ਦਰਜ ਕਰਵਾ ਸਕਦੇ ਹੋ:

- ਓ ਪੀ ਸੀ ਸੀ ਦੇ ਵੈੱਬਸਾਈਟ ਰਾਹੀਂ ਔਨਲਾਈਨ (www.opcc.bc.ca)
- ਮਿਉਂਸਿਪਲ ਪੁਲੀਸ ਡਿਪਾਰਟਮੈਂਟ ਦੇ ਫਰੰਟ ਕਾਊਂਟਰ ’ਤੇ।
- ਸਾਨੂੰ 1-877-999-8707 ’ਤੇ (ਮੁਫਤ) ਫੋਨ ਕਰਕੇ।
- ਸਾਡੇ 947 Fort Street ਉਪਰਲੇ ਦਫਤਰ ਵਿਚ ਆਪ ਆ ਕੇ।

## ਮੇਰੇ ਸ਼ਿਕਾਇਤ ਕਰਨ ਤੋਂ ਬਾਅਦ ਕੀ ਹੁੰਦਾ ਹੈ?

ਜੇ ਤੁਹਾਡੀ ਸ਼ਿਕਾਇਤ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਇਸ ਨੂੰ ਪੜਤਾਲ ਲਈ ਸੌਂਪਿਆ ਜਾਵੇਗਾ ਅਤੇ ਸਾਡਾ ਸਟਾਫ ਇਹ ਪੱਕਾ ਕਰਨ ਲਈ ਨਿਗਰਾਨੀ ਕਰੇਗਾ ਕਿ ਇਹ ਪੂਰੀ ਅਤੇ ਵਾਜਬ ਤੌਰ ’ਤੇ ਹੋ ਰਹੀ ਹੈ। ਪੜਤਾਲ ਦੇ ਅੱਗੇ ਵਧਣ ’ਤੇ ਤੁਹਾਨੂੰ ਤਾਜ਼ਾ ਜਾਣਕਾਰੀ ਦਿੱਤੀ ਜਾਵੇਗੀ।

## ਪੁਲੀਸ ਦਾ ਦੁਰਵਿਹਾਰ ਕੀ ਹੈ?

ਇਹ ਕਿਸੇ ਪੁਲੀਸ ਅਫਸਰ ਵਲੋਂ ਨਾ-ਮਨਜ਼ੂਰ ਜਾਂ ਗਲਤ ਵਤੀਰੇ, ਸ਼ਬਦ ਜਾਂ ਐਕਸ਼ਨ ਹਨ।

ਪੁਲੀਸ ਅਫਸਰਾਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ:

- ਈਮਾਨਦਾਰੀ, ਨੇਕ ਨੀਤੀ, ਇਨਸਾਫ ਅਤੇ ਨਿਰਪੱਖਤਾ ਦਿਖਾਉਣ ਦੀ।
- ਲੋਕਾਂ ਨਾਲ ਆਦਰ ਨਾਲ ਵਰਤਾਉ ਕਰਨ ਦੀ।
- ਆਪਣੀਆਂ ਤਾਕਤਾਂ ਅਤੇ ਅਧਿਕਾਰ ਦੀ ਦੁਰਵਰਤੋਂ ਨਾ ਕਰਨ ਦੀ।
- ਇਸ ਤਰ੍ਹਾਂ ਕੰਮ ਕਰਨ ਦੀ ਕਿ ਲੋਕਾਂ ਦਾ ਉਨ੍ਹਾਂ ਵਿਚ ਭਰੋਸਾ ਕਾਇਮ ਰਹੇ।

ਪੁਲੀਸ ਨੂੰ ਬਹੁਤ ਸਾਰੀਆਂ ਅਜਿਹੀਆਂ ਤਾਕਤਾਂ ਦਿੱਤੀਆਂ ਜਾਂਦੀਆਂ ਹਨ ਜਿਹੜੀਆਂ ਹੋਰ ਨਾਗਰਿਕਾਂ ਨੂੰ ਉਪਲਬਧ ਨਹੀਂ ਹੁੰਦੀਆਂ। ਓ ਪੀ ਸੀ ਸੀ ਇਹ ਪੱਕਾ ਕਰਦਾ ਹੈ ਕਿ ਪੁਲੀਸ ਦੇ ਦੁਰਵਿਹਾਰ ਬਾਰੇ ਸਰੋਕਾਰਾਂ ਨਾਲ ਢੁਕਵੇਂ ਤਰੀਕੇ ਨਾਲ ਸਿੱਝਿਆ ਜਾ ਰਿਹਾ ਹੈ ਅਤੇ ਦੁਰਵਿਹਾਰ ਕਰਨ ’ਤੇ ਪੁਲੀਸ ਨੂੰ ਜਵਾਬਦੇਹ ਬਣਾਇਆ ਜਾ ਰਿਹਾ ਹੈ।

1-877-999-8707 ’ਤੇ ਮੁਫਤ ਫੋਨ ਕਰੋ ਜਾਂ
www.opcc.bc.ca ’ਤੇ ਜਾਉ।

## ਮੈਂ ਕਿਸ ਚੀਜ਼ ਬਾਰੇ ਸ਼ਿਕਾਇਤ ਕਰ ਸਕਦਾ/ਸਕਦੀ ਹਾਂ?

ਤੁਸੀਂ ਪੁਲੀਸ ਦੇ ਦੁਰਵਿਹਾਰ ਦੀਆਂ ਇਨ੍ਹਾਂ ਕਿਸਮਾਂ ਬਾਰੇ ਸ਼ਿਕਾਇਤ ਕਰ ਸਕਦੇ ਹੋ:

- ਅਧਿਕਾਰ ਦੀ ਦੁਰਵਰਤੋਂ
- ਦੁਰਵਿਹਾਰ ਵਿਚ ਸਹਾਇਤਾ
- ਭ੍ਰਿਸ਼ਟਾਚਾਰ ਵਾਲੀ ਪ੍ਰੈਕਟਿਸ
- ਪੁਲੀਸ ਦੀ ਪ੍ਰਾਪਰਟੀ ਨੂੰ ਨੁਕਸਾਨ
- ਹੋਰਨਾਂ ਦੀ ਪ੍ਰਾਪਰਟੀ ਨੂੰ ਨੁਕਸਾਨ
- ਧੋਖਾ
- ਬਦਤਮੀਜ਼ੀ
- ਬਦਨਾਮੀ ਵਾਲਾ ਵਤੀਰਾ
- ਜਾਣਕਾਰੀ ਦਾ ਗਲਤ ਪ੍ਰਗਟਾਅ
- ਡਿਊਟੀ ਤੋਂ ਬਾਹਰ ਗਲਤ ਵਤੀਰਾ
- ਹਥਿਆਰ ਦੀ ਗਲਤ ਵਰਤੋਂ ਜਾਂ ਸੰਭਾਲ
- ਨਸ਼ਿਆਂ ਦੀ ਦੁਰਵਰਤੋਂ
- ਡਿਊਟੀ ਵਿਚ ਲਾਪਰਵਾਹੀ

ਤੁਸੀਂ ਪੁਲੀਸ ਡਿਪਾਰਟਮੈਂਟ ਦੀਆਂ ਸੇਵਾਵਾਂ ਜਾਂ ਨੀਤੀਆਂ ਬਾਰੇ ਵੀ ਸ਼ਿਕਾਇਤ ਕਰ ਸਕਦੇ ਹੋ।